# Telephone Conversation between PM and King of Hashemite Kingdom of Jordan

April 16, 2020

# ਪ੍ਰਧਾਨ ਮੰਤਰੀ ਅਤੇ ਹਾਸ਼ੇਮਾਈਟ ਕਿੰਗਡਮ ਆਫ ਜੌਰਡਨ ਦੇ ਰਾਜਾ ਵਿਚਾਲੇ ਟੈਲੀਫੋਨ 'ਤੇ ਗੱਲਬਾਤ

16 ਅਪ੍ਰੈਲ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਹਾਸ਼ੇਮਾਈਟ ਕਿੰਗਡਮ ਆਫ ਜੌਰਡਨ ਦੇ ਰਾਜਾ ਮਹਾਮਹਿਮ ਕਿੰਗ ਅਬਦੁੱਲਾ II ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਰਾਜਾ ਅਤੇ ਜੌਰਡਨ ਦੇ ਲੋਕਾਂ ਨੂੰ ਆਉਣ ਵਾਲੇ ਪਵਿੱਤਰ ਰਮਜ਼ਾਨ ਦੇ ਮਹੀਨੇ ਦੀ ਵਧਾਈ ਦਿੱਤੀ।

ਦੋਨਾਂ ਆਗੂਆਂ ਨੇ ਕੋਵਿਡ -19 ਮਹਾਂਮਾਰੀ ਕਾਰਨ ਦੁਨੀਆਂ 'ਚ ਉਪਜੀਆਂ ਚੁਣੌਤੀਆਂ ਅਤੇ ਆਪੋ ਆਪਣੇ ਦੇਸ਼ ਅੰਦਰ ਇਸ ਦੇ ਪ੍ਰਭਾਵ ਨੂੰ ਘਟਾਉਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਆਪਸ ਵਿੱਚ ਜਾਣਕਾਰੀ ਅਤੇ ਸਰਬੋਤਮ ਪ੍ਰਥਾਵਾਂ ਸਾਂਝੀਆਂ ਕਰਕੇ ਅਤੇ ਲੋੜੀਂਦੇ ਸਾਮਾਨ ਦੀ ਸਪਲਾਈ ਸੁਖਾਲੀ ਕਰਕੇ ਵੱਧੋ ਵੱਧ ਮੁਮਕਿਨ ਹੱਦ ਤਕ ਇੱਕ ਦੂਜੇ ਦੀ ਕੋਸ਼ਿਸ਼ਾਂ 'ਚ ਮਦਦ ਦੇਣ ਉੱਤੇ ਸਹਿਮਤੀ ਪ੍ਰਗਟਾਈ।

ਪ੍ਰਧਾਨ ਮੰਤਰੀ ਨੇ ਜੌਰਡਨ ਵਿੱਚ ਮੌਜੂਦ ਭਾਰਤੀ ਨਾਗਰਿਕਾਂ ਨੂੰ ਦਿੱਤੀ ਜਾ ਰਹੀ ਮਦਦ ਲਈ ਮਹਾਮਹਿਮ ਰਾਜਾ ਦਾ ਸ਼ੁਕਰੀਆ ਅਦਾ ਕੀਤਾ।

ਦੋਨਾਂ ਆਗੂਆਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਉਨ੍ਹਾਂ ਦੀਆਂ ਟੀਮਾਂ ਕੋਵਿਡ -19 ਨਾਲ ਜੁੜੇ ਮੁੱਦਿਆਂ ਅਤੇ ਹੋਰ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਆਪਸੀ ਸੰਪਰਕ ਵਿਚ ਰਹਿਣਗੀਆਂ।

ਨਵੀਂ ਦਿੱਲੀ
16 ਅਪ੍ਰੈਲ, 2020

DISCLAIMER: This is an approximate translation. The original is available in English on MEA’s website and may be referred to as the official press release.